FACTSHEET

NSW ਦਾ ਸਿਖਿਆ ਵਿਭਾਗ

Parent, carer and student factsheet

# No prohibited knives at school

ਮਾਪਿਆਂ, ਸੰਭਾਲਕਾਂ ਅਤੇ ਵਿਦਿਆਰਥੀਆਂ ਲਈ ਤੱਥਸ਼ੀਟ

# ਸਕੂਲ ਵਿੱਚ ਵਰਜਿਤ ਚਾਕੂ ਲਿਆਉਣ ਦੀ ਮਨਾਹੀ

NSW ਵਿੱਚ ਹੁਣ ਚਾਕੂ ਸਬੰਧੀ ਆਸਟ੍ਰੇਲੀਆ ਭਰ ਦੇ ਸਭ ਤੋਂ ਸਖਤ ਕਾਨੂੰਨ ਹਨ। ਵਿਦਿਆਰਥੀਆਂ ਲਈ ਕਿਸੇ ਜਨਤਕ ਸਥਾਨ ਜਾਂ ਸਕੂਲ ਵਿੱਚ ਵਰਜਿਤ ਚਾਕੂ ਰੱਖਣਾ ਕਾਨੂੰਨ ਦੇ ਵਿਰੁੱਧ ਹੈ। ਘੱਟੋ ਘੱਟ ਜ਼ੁਰਮਾਨਾ $4,400, 4 ਸਾਲ ਜੇਲ ਦਾ ਸਮਾ ਜਾਂ ਦੋਵੇਂ। ਵੱਧ ਤੋਂ ਵੱਧ ਜ਼ੁਰਮਾਨਾ $11,000 ਹੈ।

## ਕਿਸੇ ਵੀ ਸਥਿਤੀ ਵਿੱਚ ਸਕੂਲ ਵਿੱਚ ਵਰਜਿਤ ਚਾਕੂਆਂ ਦੀ ਆਗਿਆ ਨਹੀਂ ਹੈ

ਜਿਵੇਂ ਕਿ ਸਕੂਲ ਦੀ ਨੀਤੀ ਸਾਰੇ ਵਿਦਿਆਰਥੀਆਂ ਨੂੰ ਸੁਰੱਖਿਅਤ ਰੱਖਣ ਲਈ ਬਣਾਈ ਗਈ ਹੈ, ਸਕੂਲ ਵਿੱਚ ਕਿਸੇ ਵੀ ਪ੍ਰਕਾਰ ਦੇ ਚਾਕੂ ਲਿਆਉਣ ਦੀ ਇਜਾਜਤ ਨਹੀਂ ਹੈ, ਜਿਸ ਵਿੱਚ ਫਲਿਕ ਚਾਕੂ, ਮਿਆਨ ਵਿਚਲੇ ਚਾਕੂ, ਧੱਕਾ ਖੰਜਰ, ਟਰੈਂਚ ਚਾਕੂ, ਬਟਰਫਲਾਈ ਚਾਕੂ, ਸਟਾਰ ਚਾਕੂ ਜਾਂ ਹਥਿਆਰ ਵਜੋਂ ਵਰਤੀ ਜਾ ਸਕਦੀ ਕੋਈ ਵੀ ਚੀਜ (ਜਿਵੇਂ ਕਿ ਇੱਕ ਛੈਣੀ)।

ਜੇ ਕੋਈ ਵਿਦਿਆਰਥੀ ਸਕੂਲ ਵਿੱਚ ਆਪਣੇ ਕੋਲ ਚਾਕੂ ਰੱਖਦਾ ਜਾਂ ਚੁਕਦਾ ਪਾਇਆ ਜਾਂਦਾ ਹੈ ਤਾਂ ਪ੍ਰਿੰਸੀਪਲ ਪੁਲੀਸ ਨੂੰ ਬੁਲਾ ਸਕਦਾ/ਸਕਦੀ ਹੈ। ਉਸ ਵਿਦਿਆਰਥੀ ਨੂੰ ਤੁਰੰਤ ਸਕੂਲ ਤੋਂ ਕੱਢਿਆ ਜਾਂ ਮੁਅੱਤਲ ਕੀਤਾ ਜਾ ਸਕਦਾ ਹੈ।

ਚਾਕੂ ਕੋਲ ਰੱਖਣਾ ਵਿੱਚ ਇੱਕ ਵਿਦਿਆਰਥੀ ਦੇ ਬੈਗ ਜਾਂ ਲਾਕਰ ਵਿੱਚ ਰੱਖਣਾ ਵੀ ਸ਼ਾਮਲ ਹੈ, ਭਾਵੇਂ ਉਹ ਇਸਦੀ ਵਰਤੋਂ ਨਾ ਕਰਨ ਜਾਂ ਇਸ ਨਾਲ ਕਿਸੇ ਨੂੰ ਧਮਕੀ ਨਾ ਵੀ ਦੇਣ। ਆਪਣੀ ਸੁਰੱਖਿਆ ਲਈ ਚਾਕੂ ਰੱਖਣਾ ਵੀ ਗੈਰ ਕਾਨੂੰਨੀ ਹੈ। ਕਿਸੇ ਤਰ੍ਹਾਂ ਦੀ ਰੱਖਿਆ ਜਾਂ ਸੁਰੱਖਿਆ ਸਬੰਧੀ ਚਿੰਤਾਵਾਂ ਨੂੰ ਪ੍ਰਿੰਸੀਪਲ ਕੋਲ ਛੇਤੀ ਤੋਂ ਛੇਤੀ ਭੇਜਿਆ ਜਾਣਾ ਚਾਹੀਦਾ ਹੈ।

ਮਾਪਿਆਂ ਅਤੇ ਸੰਭਾਲਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਦੁਪਹਿਰ ਦੇ ਖਾਣੇ ਦੇ ਡੱਬਿਆ ਵੱਚ ਮੱਖਣ ਲਾਉਣ ਵਾਲੇ ਚਾਕੂ ਜਾਂ ਫਲਾਂ ਦੇ ਚਾਕੂ ਜਾਂ ਕਰਾਫਟ ਦੇ ਲਈ ਵਰਤੇ ਜਾਣ ਵਾਲੇ ਚਾਕੂ ਨਾ ਭੇਜਣ। ਚਾਕੂਆਂ ਦੀ ਵਰਤੋਂ ਵਾਲੇ ਪਾਠਾਂ ਵਿੱਚ, ਉਦਾਹਰਣ ਵਜੋਂ ਖਾਣਾ ਪਕਾਉਣ ਜਾਂ ਵਪਾਰ ਵਿੱਚ ਵਰਤੋਂ ਲਈ, ਵਿਦਿਆਰਥੀ ਦਾ ਅਧਿਆਪਕ ਸਾਧਨਾਂ ਦੀ ਵਰਤੋਂ ਦੀ ਸਪਲਾਈ ਅਤੇ ਉਨ੍ਹਾਂ ਦੀ ਵਰਤੋਂ 'ਤੇ ਨਿਗਰਾਨੀ ਕਰੇਗਾ।

ਹਰੇਕ ਵਿਦਿਆਰਥੀ ਨੂੰ ਸਕੂਲ ਵਿੱਚ ਸੁਰੱਖਿਅਤ ਰਹਿਣ ਅਤੇ ਮਹਿਸੂਸ ਕਰਨ ਦਾ ਅਧਿਕਾਰ ਹੈ। ਕਿਸੇ ਵੀ ਵਿਦਿਆਰਥੀ ਨੂੰ ਸਕੂਲ ਵਿੱਚ ਚਾਕੂ ਰੱਖਣ ਦਾ ਕੋਈ ਵੀ ਚੰਗਾ ਕਾਰਨ ਨਹੀਂ ਹੋ ਸਕਦਾ।

ਕੁਝ ਸੀਨੀਅਰ ਵਿਸ਼ੇ ਹਨ, ਜਿਵੇਂ ਪਰਾਹੁਣਾਚਾਰੀ, ਜਿਥੇ ਵਿਦਿਆਰਥੀਆਂ ਨੂੰ ਆਪਣੇ ਚਾਕੂ ਰੱਖਣ ਦੀ ਲੋੜ ਹੋ ਸਕਦੀ ਹੈ। ਸਕੂਲ ਮਾਪਿਆਂ, ਸੰਭਾਲਕਾਂ ਅਤੇ ਵਿਦਿਆਰਥੀਆਂ ਨੂੰ ਇਨ੍ਹਾਂ ਕੋਰਸਾਂ ਅਤੇ ਸਕੂਲ ਵਿੱਚ ਚਾਕੂ ਲਿਜਾਣ ਅਤੇ ਵਾਪਸ ਲਿਆਉਣ ਦੀ ਕਾਨੂੰਨੀ ਪ੍ਰਕਿਰਿਆ ਬਾਰੇ ਸਲਾਹ ਦੇਵੇਗਾ।

## ਸਖਤ ਜ਼ੁਰਮਾਨੇ ਲਾਗੂ ਹੁੰਦੇ ਹਨ

ਕਾਨੂੰਨ ਮਾਪੀਆਂ ਅਤੇ ਸੰਭਾਲਕਾਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ। ਮਾਪਿਆਂ ਅਤੇ ਸ਼ੰਭਾਲਕਾਂ ਨੂੰ ਇਹ ਨਿਸ਼ਚਿਤ ਕਰਨ ਦੀ ਜ਼ਰੂਰਤ ਹੈ ਕਿ ਉਨ੍ਹਾਂ ਦਾ ਬੱਚਾ ਸਕੂਲ ਦੇ ਨਿਯਮਾਂ ਅਤੇ ਚਾਕੂਆਂ ਬਾਰੇ ਰਾਜ ਦੇ ਕਾਨੂੰਨਾਂ ਤੋਂ ਜਾਣੂ ਹੈ।

ਮਾਪਿਆਂ ਅਤੇ ਸੰਭਾਲਕਾਂ ਨੂੰ ਇਨ੍ਹਾਂ ਕਾਨੂੰਨਾਂ ਤੋਂ ਜਾਣੂ ਹੋਣ ਦੀ ਜ਼ਰੂਰਤ ਹੈ, ਕਿਉਂਕਿ ਜੇ ਉਹ ਆਪਣੇ ਬੱਚੇ ਨੂੰ ਚਾਕੂ ਚੁਕਣ ਦੀ ਇਜਾਜਤ ਦਿੰਦੇ ਹਨ ਤਾਂ ਉਨ੍ਹਾਂ ਤੇ ਵੀ ਦੋਸ਼ ਲਗਾਇਆ ਜਾ ਸਕਦਾ ਹੈ।

ਪੁਲੀਸ ਕਿਸੇ ਵੀ ਨੌਜਵਾਨ ਦੀ ਤਲਾਸ਼ੀ ਕਰ ਸਕਦੀ ਹੈ ਜਿਸ ਕੋਲ ਚਾਕੂ ਹੋਣ ਦਾ ਉਨ੍ਹਾਂ ਨੂੰ ਸ਼ੱਕ ਹੋਵੇ ਅਤੇ ਤਲਾਸ਼ੀ ਦੌਰਾਨ ਉਹ ਕਿਸੇ ਵੀ ਖਤਰਨਾਕ ਵਸਤੂ ਨੂੰ ਜਪਤ ਕਰ ਸਕਦੇ ਹਨ। ਨੌਜਵਾਨ ਵਿਅਕਤੀ ਨੂੰ ਪੁਲੀਸ ਦੀ ਅਜਿਹੀ ਤਲਾਸ਼ੀ ਦੀ ਪਾਲਣਾ ਕਰਨੀ ਚਾਹੀਦੀ ਹੈ, ਨਹੀਂ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ 'ਤੇ ਦੋਸ਼ ਲਗਾਇਆ ਜਾ ਸਕਦਾ ਹੈ।

ਹਮਲੇ ਜਾਂ ਧਮਕੀਆਂ ਜਿਨ੍ਹਾਂ ਵਿੱਚ ਚਾਕੂ ਹੋਣਾ ਸ਼ਾਮਲ ਹੁੰਦਾ ਹੈ ਲਈ ਬਹੁਤ ਸਖਤ ਸਜ਼ਾਵਾਂ ਹਨ, ਉਦਾਹਰਣ ਵਜੋਂ, ਜੇ ਕੋਈ ਵਿਦਿਆਰਥੀ ਲੜਾਈ ਵਿੱਚ ਕਿਸੇ ਨੂੰ ਚਾਕੂ ਨਾਲ ਜ਼ਖਮੀ ਕਰ ਦਿੰਦਾ ਹੈ।

ਜੇ ਕੋਈ ਵਿਦਿਆਰਥੀ ਹੋਰਨਾਂ ਨੌਜਵਾਨਾਂ ਨਾਲ ਇਸ ਤਰ੍ਹਾਂ ਦਾ ਅਪਰਾਧ ਕਰਦਾ ਹੈ, ਤਾਂ ਸਜ਼ਾ ਹੋਰ ਵੀ ਸਖਤ ਹੁੰਦੀ ਹੈ। ਕਈ ਮਾਮਲਿਆਂ ਵਿੱਚ, ਜੇਲ ਦੀ ਸਜ਼ਾ 14 ਤੋਂ 25 ਸਾਲਾਂ ਤੱਕ ਹੋ ਸਕਦੀ ਹੈ।

ਕਿਸੇ ਵੀ ਵਿਅਕਤੀ ਨੂੰ 16 ਸਾਲ ਤੋਂ ਘੱਟ ਉਮਰ ਦੇ ਕਿਸੇ ਵਿਅੱਕਤੀ ਨੂੰ ਚਾਕੂ ਵੇਚਣਾ ਗੈਰ ਕਾਨੂੰਨੀ ਹੈ।

## ਛੋਟਾਂ

ਅਜਿਹੇ ਹਾਲਾਤ ਹੋ ਸਕਦੇ ਹਨ ਜਦੋਂ ਚਾਕੂ ਚੁੱਕਣ ਦੀ ਲੋੜ ਹੋ ਸਕਦੀ ਹੈ ਅਤੇ ਕੋਈ ਵਿਅੱਕਤੀ ਇਸ ਤਰ੍ਹਾਂ ਕਰਨ ਲਈ 'ਵਾਜਬ ਬਹਾਨਾ' ਅਤੇ ਕੋਈ ਵਿਅਕਤੀ ਕਬਜ਼ੇ ਲਈ 'ਵਾਜਬ ਬਹਾਨਾ' ਸਥਾਪਤ ਕਰਨ ਦੇ ਯੋਗ ਹੋ ਸਕਦਾ ਹੈ।

ਇਕ 'ਵਾਜਬ ਬਹਾਨੇ' ਵਿੱਚ ਚਾਕੂ 'ਵਾਜਬ ਤੌਰ' ਤੇ 'ਜ਼ਰੂਰੀ ਹੋਣਾ' ਸ਼ਾਮਲ ਹੈ, ਪਰ ਇਹ ਚਾਕੂ ਲਈ ਹੀ ਸੀਮਤ ਨਹੀਂ ਹੈ:

- ਕਿਸੇ ਕਿੱਤੇ, ਸਿਖਿਆ ਜਾਂ ਸਿਖਲਾਈ ਦੀ ਕਾਨੂਨੀ ਪ੍ਰਾਪਤੀ ਲਈ
- ਕਾਨੂੰਨੀ ਮਨੋਰੰਜਨ, ਜਾਂ ਮਨੋਰੰਜਕ ਖੇਡਾਂ ਵਿੱਚ ਹਿੱਸਾ ਲੈਣ ਲਈ
- ਸਹੀ ਧਾਰਮਿਕ ਉਦੇਸ਼ਾਂ ਲਈ, ਜਾਂ
- ਉਪਰੋਕਤ ਦਿੱਤੀਆਂ ਗਈਆਂ ਵਿੱਚੋਂ ਕਿਸੇ ਯਾਤਰਾ ਅਤੇ ਤੋਂ ਲਈ।

### ਟੈਲੀਫੋਨ ਦੁਭਾਸ਼ਿਆਈ ਸੇਵਾ

ਜੇ ਤੁਹਾਨੂੰ ਵਧੇਰੇ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ ਸਕੂਲ ਦੇ ਪ੍ਰਿੰਸੀਪਲ ਨੂੰ ਕਾਲ ਕਰੋ, ਜੇ ਤੁਹਾਨੂੰ ਤੁਹਾਡੀ ਪੁਛ-ਗਿਛ ਲਈ ਦੁਭਾਸ਼ੀਏ ਦੀ ਸਹਾਇਤਾ ਲੋੜੀਂਦੀ ਹੈ, ਤਾਂ ਕਿਰਪਾ ਕਰਕੇ ਟੈਲੀਫੋਨ ਇੰਟਰਪ੍ਰੇਟਰ ਸੇਵਾ ਨੂੰ 131 450 'ਤੇ ਕਾਲ ਕਰੋ ਅਤੇ ਤੁਹਾਡੀ ਆਪਣੀ ਭਾਸ਼ਾ ਵਿੱਚ ਇਕ ਦੁਭਾਸ਼ੀਏ ਦੀ ਮੰਗ ਕਰੋ।

ਅਪਰੇਟਰ ਨੂੰ ਉਹ ਨੰਬਰ ਦਿਓ ਜਿਸ ਨੂੰ ਤੁਸੀਂ ਕਾਲ ਕਰਨਾ ਚਾਹੁੰਦੇ ਹੋ ਅਤੇ ਅਪਰੇਟਰ ਤੁਹਾਡੀ ਸਹਾਇਤਾ ਕਰਨ ਲਈ ਇਕ ਦੁਭਾਸ਼ੀਏ ਨੂੰ ਲਾਈਨ 'ਤੇ ਲਿਆਵੇਗਾ। ਇਸ ਸੇਵਾ ਲਈ ਤੁਹਾਡੇ ਕੋਲੋਂ ਰਕਮ ਨਹੀਂ ਵਸੂਲ ਕੀਤੀ ਜਾਵੇਗੀ।